# ਪਰਮੇਸ਼ਵਰ ਨੇ ਆਨੰਦ ਨਾਲ ਭਰੀਆਂ ਹੋਈਆਂ ਸੱਚਾਈਆਂ ਮੂਸਾ ਅਤੇ ਯਹੋਸ਼ਆ ਉੱਤੇ ਪਰਗਟ ਕੀਤੀਆਂ।

**ਪ੍ਰਾਥਨਾ**:- ਅੱਤ ਮਹਾਨ, ਸਦੀਪਕ ਪਰਮੇਸ਼ਵਰ, ਬੱਚਿਆਂ ਦੀ ਮੱਦਦ ਕਰੋ ਕਿ ਉਹ ਤੈਨੂੰ ਜਾਣ ਸੱਕਣ ਅਤੇ ਤੇਰੀ ਪਵਿੱਤਰਤਾ ਅਤੇ ਨਿਆਂ ਦੀ ਪ੍ਰਸ਼ੰਸਾ ਕਰ ਸੱਕਣ।

ਇਹੋ ਜਿਹੀਆਂ ਗਤੀਵਿਧੀਆਂ ਚੁਣੋ ਜਿਹੜੀਆਂ ਲੋੜਾਂ ਅਤੇ ਸਮੇ ਨੂੰ, ਜਿਹੜਾ ਕਿ ਤੁਹਾਡੇ ਕੋਲ ਤਿਆਰੀ ਲਈ ਹੈ, ਬੱਚਿਆਂ ਦੀ ਸਮਝ ਦੇ ਅਨੁਸਾਰ ਹੋਵੇ।



ਇੱਕ ਵੱਡਾ ਬੱਚਾ ਜਾਂ ਅਧਿਆਪਕ ਪੜ੍ਹੇ ਕੂਚ 3:1-5 ਵਿੱਚੋ ਕਿ ਕਿਵੇਂ ਪਰਮੇਸ਼ਵਰ ਮੂਸਾ ਨਾਲ ਬਲ ਰਹੀ ਝਾੜੀ ਵਿੱਚੋ ਬੋਲਿਆ। ਫਿਰ ਹਰੇਕ ਬੱਚੇ ਨੂੰ ਨਿਯੁਕਤ ਕਰੋ। ਪ੍ਰਸ਼ਨ ਲਈ ਜਿਹੜੇ ਹੇਠਾਂ ਦਿੱਤੇ ਗਏ ਹਨ। ਬਾਲਿਗਾਂ ਦੀ ਅਰਾਧਨਾ ਵੇਲੇ ਪੁੱਛਣ ਲਈ। ਹਰੇਕ ਬੱਚਾ ਆਪਣੇ ਪ੍ਰਸ਼ਨਾ ਦੇ ਉੱਤਰ ਜਾਣਦਾ ਹੋਵੇ। *(ਉੱਤਰ ਹਰੇਕ ਪ੍ਰਸ਼ਨ ਦੇ ਬਾਦ ਦਿੱਤਾ ਗਿਆ ਹੈ)*

- ਉਸ ਝਾੜੀ ਦੇ ਬਾਰੇ ਵਿੱਚ ਅਜੀਬ ਕੀ ਸੀ? (ਇਹ ਬੱਲ ਰਹੀ ਸੀ ਪਰ ਸੜ ਨਹੀ ਰਹੀ ਸੀ)
- ਮੂਸਾ ਨੇ ਉਸ ਝਾੜੀ ਵਿੱਚੋ ਕੀ ਸੁਣਿਆ? (ਉਹਦਾ ਨਾਮ ਲਿਆ ਗਿਆ)
- ਕਿਸ ਨੇ ਮੂਸਾ ਨੂੰ ਉਹਦੇ ਨਾ ਲੈ ਕੇ ਬੁਲਾਇਆ? (ਪਰਮੇਸ਼ਵਰ ਨੇ) (ਅਬਰਾਹੇਮ ਦਾ ਪਰਮੇਸ਼ਵਰ ਇਸਹਾਕ ਅਤੇ ਯਾਕੂਬ ਦਾ)
- ਮੂਸਾ ਨੇ ਆਪਣੀਆ ਜੁੱਤੀਆ ਕਿਉ ਉਤਾਰ ਦਿੱਤੀਆ? *(ਉਹ ਪਵਿੱਤਰ ਜਗ੍ਹਾ ਤੇ ਖੜਾ ਸੀ)*
- ਪਰਮੇਸ਼ਵਰ ਨੇ ਮੂਸਾ ਨੂੰ ਕੀ ਕਰਨ ਲਈ ਆਖਿਆ? (ਫਿਰੋਸ ਕੋਲ ਜਾ ਕੇ ਪਰਮੇਸ਼ਵਰ ਦੇ ਲੋਕਾਂ ਨੂੰ ਮਿਸਰ ਵਿੱਚ ਕੱਢ ਕੇ ਲੈ ਆ)
- ਪਰਮੇਸ਼ਵਰ ਨੇ ਕੀ ਕਿਹਾ ਸੀ, ਕਿ ਉਹਦਾ ਨਾ ਹੈ? (ਮੈ ਹੂੰ)



ਇੱਕ ਵੱਡਾ ਬੱਚਾ ਜਾਂ ਅਧਿਆਪਕ ਦੱਸੇ ਯਹੋਸ਼ੁਆ 3:14, 4:7 ਵਿੱਚੋ। ਯਰਦਨ ਦਰਿਆ ਪਾਰ ਕਰਨ ਬਾਰੇ, ਇਹ ਦੱਸਦਾ ਹੈ, ਕਿਵੇਂ ਲੋਕਾਂ ਨੂੰ ਯਾਦ ਰੱਖਣਾ ਹੈ, ਕਿਹੜੀਆਂ ਮਹਾਨ ਚੀਜਾਂ ਪਰਮੇਸ਼ਵਰ ਨੇ ਉਨ੍ਹਾਂ ਲੋਕਾਂ ਲਈ ਕੀਤੀਆ।

ਕਹਾਣੀ ਸੁਣਾਉਣ ਤੋਂ ਬਾਦ, ਇੰਨ੍ਹਾਂ ਪ੍ਰਸ਼ਨਾ ਨੂੰ ਪੁੱਛੋ *(ਉੱਤਰ ਹਰੇਕ ਪ੍ਰਸ਼ਨ ਦੇ ਬਾਦ ਦਿੱਤਾ ਗਿਆ ਹੈ)*

- ਪਹਿਲਾਂ ਯਰਦਨ ਦਰਿਆ ਵਿੱਚ ਕਿਹੜੇ ਇਸਰਾਈਆ ਗਏ? (ਪੜ੍ਹੋ ਯਹੋਸ਼ੁਆ 3:14)
- ਉਦੋਂ ਕੀ ਹੋਇਆ ਜਦੋਂ ਜਾਜਕ ਨੇ ਨੇਮ ਦੇ ਸਦੂੰਕ ਨੂੰ ਚੱਕਕੇ ਦਰਿਆ ਵਿੱਚ ਪੈਰ ਰੱਖ? (3:15)
- ਉਨ੍ਹਾਂ ਬਾਰ੍ਹਾਂ ਆਂਗੂਆਂ ਨੇ ਦਰਿਆ ਦੇ ਵਿੱਚੋ ਕੀ ਚੁੱਕਿਆ ਸੀ? (4:3)
- ਉਨ੍ਹਾਂ ਪੱਥਰਾਂ ਲਈ ਕੀ ਇਰਾਦਾ ਸੀ? (4:6)
- ਆਗੂਆਂ ਨੇ ਜਿਹੜੇ ਪੱਥਰ ਦਰਿਆ ਵਿੱਚੋਂ ਚੁੱਕੇ ਸਨ, ਉਨ੍ਹਾਂ ਨੂੰ ਕਿਥੇ ਰੱਖਿਆ? (4:8)

ਯਰਦਨ ਦਰਿਆ ਪਾਰ ਕਰਨ ਦੀ ਕਹਾਣੀ ਦੇ ਹਿੱਸਿਆਂ ਦਾ ਨਾਟਕ ਤਿਆਰ ਕਰੋ, ਬਾਲਿਗਾਂ ਦੀ ਅਰਾਧਨਾ ਦੇ ਆਗੂਵੇ ਨਾਲ ਮਿਲੋ। ਬੱਚਿਆਂ ਨੂੰ ਇਹ ਛੋਟਾ ਨਾਟਕ ਕਰਨ ਦਾ ਇੰਤਜਾਮ ਕਰੋ। ਵੱਡੇ ਬੱਚੇ ਛੋਟਿਆ ਦੀ ਤਿਆਰੀ ਵਿੱਚ ਮੱਦਦ ਕਰਨ।

- ਵੱਡੇ ਬੱਚੇ ਜਾਂ ਬਾਲਿਗਾਂ ਇੰਨ੍ਹਾਂ ਹਿੱਸਿਆਂ ਨੂੰ ਕਰਨ ਯਹੋਸ਼ਆ ਅਤੇ ਵਾਚਕ ਵਾਂਗ ਕਰਨ।
- ਛੋਟਿਆਂ ਬੱਚਿਆਂ ਨੂੰ ਇਹ ਹਿੱਸੇ ਕਰਨ ਲਈ ਦਿਉ, ਇਸਰਏਲੀਆ ਆਗੂਵੇ, ਜਾਜਕ, ਜਿਹੜੇ ਕੁਝ ਕਰਨ ਨੇਮ ਦੇ ਸੰਦੂਕ ਵਾਗ ਦਿਖਾਵਾ ਕਰਨ।

**ਵਾਚਕ:** ਯਹੋਸ਼ੂਆ 3:14–17 ਵਿੱਚ ਕਹਾਣੀ ਦੇ ਪਹਿਲੇ ਹਿੱਸੇ ਨੂੰ ਦੱਸੇ, ਫਿਰ ਆਖੇ, ''ਸੁਣੋ ਯਹੋਸ਼ੂਆ ਕੀ ਆਖਦਾ ਹੈ।''

**ਯਹੋਸ਼ੂਆ :** ਅਸੀਂ ਯਰਦਨ ਦਰਿਆ ਪਾਰ ਕਰਨ ਜਾ ਰਹੇ ਹਾਂ। ਇਥੇ ਹੜ੍ਹ ਆਇਆ ਹੋਇਆ ਹੈ, ਪਰ ਸਾਨੂੰ ਪਰਮੇਸ਼ਵਰ ਸੁੱਕੀ ਧਰਤੀ ਉੱਤੇ ਲੈ ਕੇ ਜਾਏਗਾ। ਇੰਤਜਾਰ ਕਰੋ, ਉਹ ਕੀ ਕਰਦਾ ਹਾਂ ? ਜਾਜਕੋ ਨੇਮ ਦਾ ਸੰਦੂਕ ਲੈ ਕੇ ਅੰਦਰ ਪੈਰ ਰੱਖੋ।''

**ਜਾਜਕ** : ਨੇਮ ਨੂੰ ਚੁੱਕ ਕੇ ਦਰਿਆ ਦੇ ਵਿੱਚਕਾਰ ਖੜ੍ਹੇ ਹੋ ਜਾਣ ਤੇ ਆਖੇ, ''ਦਰਿਆ, ''ਵੇਖੋ। ਦਰਿਆ ਉੱਤੇ ਵਗ ਰਿਹਾ ਹੈ, ਲਹਿਰਾ ਸਾਡੇ ਉੱਤੇ ਆ ਰਹੀਆ ਹਨ।''

**ਇਸਰਏਲੀ** : ਦਰਿਆ ਨੂੰ ਪਾਰ ਕਰਕੇ ਜਾਉ ਅਤੇ ਜਾਜਕਾਂ ਦੇ ਅੱਗੇ ਜਾ ਕੇ, ਇਹ ਆਖੋ, ''ਦੇਖੋ, ਸਾਡੇ ਪੈਰ ਸੁੱਕੇ ਹਨ, ਅਸੀ ਸੁੱਕੀ ਧਰਤੀ ਉੱਤੇ ਤੁਰਦੇ ਪਏ ਹਾਂ।''

**ਵਾਚਕ** : ਯਹੋਸ਼ੂਆ 4:1–7 ਵਿੱਚ ਕਹਾਣੀ ਦੇ ਦੂਜੇ ਹਿੱਸੇ ਨੂੰ ਦੱਸੇ। ਫਿਰ ਆਖੇ, ''ਸੁਣੋ ਯਹੋਸ਼ੂਆ ਕੀ ਕਹਿੰਦਾ ਹੈ।''

**ਯਹੋਸ਼ੂਆ** : ਇਸਰਾਏਲੀਆਂ ਕੋਲ ਜਾਵੇ ਅਤੇ ਆਖੇ, ''ਅਸੀਂ ਦਰਿਆ ਪਾਰ ਕਰ ਲਿਆ ਹੈ। ਚਲੋ ਹਰੇਕ ਕਬੀਲੇ ਦਾ ਆਗੂ ਇਸ ਦਰਿਆ ਵਿੱਚੋ ਇੱਕ ਪੱਥਰ ਚੁੱਕ ਕੇ ਇੱਕ ਯਾਦਗਾਰੀ ਬਣਾਏ, ਇਹ ਯਾਦ ਰੱਖਣ ਵਾਸਤੇ ਕਿ ਪਰਮੇਸ਼ਵਰ ਨੇ ਸਾਡੇ ਲਈ ਕੀ ਕੀਤਾ।''

**ਆਗੂਵੇ** : ਜਿਥੇ ਜਾਜਕ ਖਲੋਤੇ ਹਨ, ਉੱਥੇ ਜਾਣ, ਅਤੇ ਇਸ ਤਰ੍ਹਾਂ ਦਿਖਾਣ, ਜਿਵੇਂ ਬੜੇ ਭਾਰੀ ਪੱਥਰ ਚੁੱਕ ਰਹੇ ਹਨ, ਲੈ ਕੇ ਜਾਂ ਰਹੇ ਹਨ, ਜਿੱਥੇ ਯਹੋਸ਼ੂਆ ਖੜ੍ਹਾ ਹੋਇਆ ਹੈ, ਅਤੇ ਇੱਕ ਆਖੇ, ''ਇਹ ਪੱਥਰ ਬੜ੍ਹਾ ਭਾਰੀ ਹੈ। ਇਸ ਨਾਲ ਇਕ ਚੰਗੀ ਯਾਦਗਰ ਬਣ ਜਾਵੇਗੀ

**ਯਹੋਸ਼ੂਆ:** ''ਸਾਡੇ ਬੱਚੇ ਆਖਣਗੇ,'' ਇਨ੍ਹਾਂ ਗੱਡੇ ਹੋਏ ਪੱਥਰਾਂ ਦਾ ਕੀ ਮਤਲਬ ਹੈ? ''ਅਸੀਂ ਉਨ੍ਹਾਂ ਨੂੰ ਇਸ ਦਿਨ ਦੇ ਬਾਰੇ ਵਿੱਚ ਦੱਸਾਗੇ। ਸਾਨੂੰ ਜਰੂਰ ਪਰਮੇਸ਼ਵਰ ਦੇ ਇੰਨਾ ਮਹਾਨ ਕੰਮਾ ਨੂੰ ਯਾਦ ਰੱਖਣਾ ਹੈ।''

**ਵਾਚਕ:**– ਹਰੇਕ ਦਾ ਧੰਨਵਾਦ ਕਰੋ, ਜਿੰਨ੍ਹਾਂ ਨੇ ਮੱਦਦ ਕੀਤੀ ਹੈ।

ਜੇ ਬੱਚਿਆਂ ਨੇ ਇਹ ਨਾਟਕ ਬਾਲਿਗਾ ਲਈ ਪੇਸ਼ ਕੀਤਾ ਹੈ ਤਾਂ ਉਨ੍ਹਾਂ ਨੂੰ ਬਾਲਿਗਾਂ ਕੋਲੋਂ ਇਹ ਪ੍ਰਸ਼ਨ ਪੁੱਛਣ ਦਿਓ।



ਛੋਟੇ ਬੱਚੇ ਪੱਥਰਾਂ ਦੇ ਢੇਰ ਦੀ ਤਸਵੀਰ ਬਣਾਉਣ ਲਤੇ ਉਹ ਇਨ੍ਹਾਂ ਨੂੰ ਬਾਲਿਗਾਂ ਦੀ ਅਗਲੀ ਅਰਾਧਨਾ ਵੇਲੇ ਦਿਖਾਉਣ ਅਤੇ ਸਮਝਾਉਣ ਕਿ ਇਹ ਦੱਸਦੀ ਹੈ, ਕਿਵੇਂ ਅਸੀਂ ਗੀਤ, ਕਹਾਣੀਆਂ ਅਤੇ ਦੂਜੀਆਂ ਚੀਜਾਂ ਨੂੰ ਇਸਤੇਮਾਲ ਕਰਕੇ ਯਾਦ ਰੱਖਦੇ ਹਾਂ ਕਿ ਪਰਮੇਸ਼ਵਰ ਨੇ ਸਾਡੇ ਲਈ ਕੀ ਕੀਤਾ।

ਪੁੱਛੋ ਹੋਰ ਕਿਹੜੇ ਰਾਹ ਹਨ, ਇਹ ਪੱਥਰਾਂ ਦੇ ਢੇਰ ਬਣਾਉਣ ਦੇ ਪਿੱਛੇ ਇੱਕ ਇਤਿਹਾਸਕ ਜਗਾ ਦੀ ਵਾਂਗ, ਕਿ ਅਸੀ ਮਸੀਹੀ ਲੋਕ ਪਰਮੇਸ਼ਵਰ ਦੇ ਕੰਮਾ ਨੂੰ ਯਾਦ ਕਰੀਏ, ਲੋਕ ਉਦਾਹਰਣਾ ਲਈ ਸਲਾਹ ਮਸ਼ਵਰਾ ਕਰਨ।

**ਕਵਿਤਾ:** ਚਾਰ ਬੱਚੇ, ਹਰੇਕ ਬੱਚਾ ਇੱਕ ਆਇਤ ਦੁਹਰਾਏ, ਜਬੂਰਾਂ ਦੀ ਪੋਥੀ 145:4–7 ਵਿੱਚ, ਹੋਰ ਦੂਜੇ ਬੱਚੇ ਅਤੇ ਬਾਲਿਗਾ ਦੀ ਅਰਾਧਨਾ ਦੇ ਦੌਰਾਨ।

ਛੋਟੇ ਬੱਚੇ ਯਾਦ ਕਰਣ ਫਿੱਲਪੀਆਂ 4:4

ਵੱਡੇ ਬੱਚੇ ਕਰਣ ਵਿਵਸਥਾ ਸਾਰੇ 8:3

ਵੱਡੇ ਬੱਚੇ ਕਵਿਤਾਵਾਂ, ਜਾ ਗੀਤ ਪਰਮੇਸ਼ਵਰ ਨੇ ਮਹਾਨ ਚੀਜਾਂ ਕੀਤੀਆ ਦੇ ਬਾਰੇ, ਜਿੰਨਾ ਨੂੰ ਸਾਨੂੰ ਜਰੂਰ ਯਾਦ ਰੱਖਣਾ ਹੈ ਲਿੱਖਣ।

**ਪ੍ਰਾਥਨਾ:**– ''ਪਿਆਰੇ ਪਿਤਾ, ਤੁਸੀਂ ਬਹੁਤ ਸਾਰੀਆਂ ਅੱਦਭੁਤ ਚੀਜਾਂ ਸਾਡੇ ਲਈ ਕੀਤੀਆਂ, ਸਾਡੀ ਮੱਦਦ ਕਰੋ ਕਿ ਅਸੀਂ ਇਨ੍ਹਾਂ ਨੂੰ ਯਾਦ ਕਰ ਸਕੀਏ ਅਤੇ ਉਨ੍ਹਾਂ ਲਈ ਤੁਹਾਡੀ ਸਦਾ ਉਸਤਤ ਕਰਦੇ ਰਹੀਏ। ਸਾਡੀ ਮੱਦਦ ਕਰੋ ਕਿ ਅਸੀਂ ਦੂਜਿਆਂ ਬੱਚਿਆਂ ਨੂੰ ਇਹਦੇ ਬਾਰੇ ਦੱਸੀਏ। ਸਾਨੂੰ ਅਭਿਆਸ ਦੇ ਕੰਮਾਂ ਦੇ ਤਰੀਕੇ ਦਿਉ ਕਿ ਅਸੀਂ ਉਨ੍ਹਾਂ ਦੀ ਮੱਦਦ, ਤੁਹਾਡੀ ਭਲਿਆਈ ਯਾਦ ਕਰਨ ਵਿੱਚ ਕਰੀਏ।''

Copyright 2004 © by Paul-Timothy. May be freely copied. Download from www.Paul-Timothy.net